Australian Government
Attorney-General's Department

Punjabi | ਪੰਜਾਬੀ

# ਪਾਲਣ-ਪੋਸ਼ਣ ਦੀਆਂ ਯੋਜਨਾਵਾਂ

## ਪਾਲਣ-ਪੋਸ਼ਣ ਦੀ ਯੋਜਨਾ ਬਣਾਉਣ ਵੇਲੇ ਮਾਪਿਆਂ ਲਈ ਵਿਚਾਰ ਕਰਨ ਵਾਲੀ ਜਾਣਕਾਰੀ

ਅਲੱਗ ਹੋਣਾ ਇਸ ਵਿੱਚ ਸ਼ਾਮਲ ਹਰੇਕ ਵਿਅਕਤੀ ਲਈ ਮੁਸ਼ਕਲ ਹੋ ਸਕਦਾ ਹੈ, ਖ਼ਾਸ ਕਰਕੇ ਬੱਚਿਆਂ ਲਈ। ਇਸ ਔਖੇ ਸਮੇਂ ਦੌਰਾਨ, ਬੱਚਿਆਂ ਨੂੰ ਆਪਣੇ ਮਾਪਿਆਂ ਅਤੇ ਉਨ੍ਹਾਂ ਦੀ ਜ਼ਿੰਦਗੀ ਵਿਚਲੇ ਹੋਰ ਮਹੱਤਵਪੂਰਨ ਲੋਕਾਂ, ਜਿਵੇਂ ਕਿ ਦਾਦਾ-ਦਾਦੀ, ਨਾਨਾ-ਨਾਨੀ ਅਤੇ ਭੈਣ-ਭਰਾਵਾਂ ਵਲੋਂ ਸਹਿਯੋਗ ਦੀ ਲੋੜ ਹੁੰਦੀ ਹੈ। ਭਵਿੱਖ ਬਾਰੇ ਕੁੱਝ ਨਿਸ਼ਚਿਤਤਾ ਹੋਣਾ ਵੀ ਹਰੇਕ ਲਈ ਮਹੱਤਵਪੂਰਨ ਹੈ।

ਪਰਿਵਾਰਕ ਕਾਨੂੰਨੀ ਪ੍ਰਣਾਲੀ ਵੱਖ ਹੋ ਰਹੇ ਮਾਪਿਆਂ ਨੂੰ ਉਤਸ਼ਾਹਿਤ ਕਰਦੀ ਹੈ ਕਿ ਜਿੱਥੇ ਅਜਿਹਾ ਕਰਨਾ ਸੁਰੱਖਿਅਤ ਹੋਵੇ, ਉੱਥੇ ਉਹਨਾਂ ਨੂੰ ਅਦਾਲਤ ਵਿੱਚ ਜਾਣ ਤੋਂ ਬਿਨਾਂ, ਆਪਣੇ ਬੱਚਿਆਂ ਲਈ ਆਪਸੀ ਸਹਿਮਤੀ ਨਾਲ ਪ੍ਰਬੰਧ ਤੈਅ ਕਰਨੇ ਚਾਹੀਦੇ ਹਨ।
ਮਾਤਾ-ਪਿਤਾ ਪਾਲਣ-ਪੋਸ਼ਣ ਯੋਜਨਾ (parenting plan) ਬਣਾ ਕੇ ਆਪਣੇ ਬੱਚਿਆਂ ਲਈ ਜੋ ਪ੍ਰਬੰਧ ਕਰਨਾ ਚਾਹੁੰਦੇ ਹਨ, ਉਹ ਲਿਖਤੀ ਤੌਰ 'ਤੇ ਤੈਅ ਕਰ ਸਕਦੇ ਹਨ।

ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਕੀ ਹੈ, ਇਹ ਸਭ ਤੋਂ ਮਹੱਤਵਪੂਰਣ ਗੱਲ ਹੈ ਜਿਸਦਾ ਧਿਆਨ ਪਾਲਣ-ਪੋਸ਼ਣ ਦੀ ਯੋਜਨਾ ਬਣਾਉਂਦੇ ਸਮੇਂ ਰੱਖਣਾ ਚਾਹੀਦਾ ਹੈ।

## ਪਾਲਣ-ਪੋਸ਼ਣ ਯੋਜਨਾ ਕੀ ਹੁੰਦੀ ਹੈ?

ਪਾਲਣ-ਪੋਸ਼ਣ ਯੋਜਨਾ ਇੱਕ ਸਵੈ-ਇੱਛਤ ਸਮਝੌਤਾ ਹੁੰਦੀ ਹੈ, ਜਿਸ ਵਿੱਚ ਇਹ ਸ਼ਾਮਲ ਹੁੰਦਾ ਹੈ ਕਿ ਬੱਚਾ ਹਰੇਕ ਮਾਪੇ ਨਾਲ ਕਿੰਨਾ ਸਮਾਂ ਬਿਤਾਏਗਾ, ਬੱਚੇ ਦੇ ਰੋਜ਼ਾਨਾ ਜੀਵਨ ਦੇ ਵਿਹਾਰਕ ਪੱਖ, ਅਤੇ ਮਾਪੇ ਆਪਣੇ ਬੱਚਿਆਂ ਨਾਲ ਜੁੜੇ ਲੰਬੇ ਸਮੇਂ ਦੇ ਵੱਡੇ ਮੁੱਦਿਆਂ ਬਾਰੇ ਕਿਵੇਂ ਫ਼ੈਸਲੇ ਲੈਣਗੇ।

ਇਹ ਪਾਲਣ-ਪੋਸ਼ਣ ਯੋਜਨਾ ਨੂੰ ਕਿਸੇ ਵੀ ਸਮੇਂ ਬਦਲਿਆ ਜਾ ਸਕਦਾ ਹੈ, ਜਦੋਂ ਤੱਕ ਦੋਵੇਂ ਮਾਪੇ ਇਸ ਲਈ ਸਹਿਮਤ ਹੁੰਦੇ ਹਨ।

## ਪਾਲਣ-ਪੋਸ਼ਣ ਦੀ ਯੋਜਨਾ ਕੌਣ ਬਣਾ ਸਕਦਾ ਹੈ?

*ਫੈਮਿਲੀ ਲਾਅ ਐਕਟ 1975* (Family Law Act) ਦੇ ਤਹਿਤ ਪਾਲਣ-ਪੋਸ਼ਣ ਯੋਜਨਾ ਬਣਾਉਣ ਲਈ, ਇਸ ਯੋਜਨਾ ਨੂੰ ਲਾਜ਼ਮੀ ਤੌਰ 'ਤੇ ਬੱਚੇ ਦੇ ਮਾਤਾ-ਪਿਤਾ ਦੋਵਾਂ ਦੁਆਰਾ ਬਣਾਇਆ ਜਾਣਾ ਚਾਹੀਦਾ ਹੈ ਅਤੇ ਉਸ 'ਤੇ ਦਸਤਖ਼ਤ ਕੀਤੇ ਜਾਣੇ ਚਾਹੀਦੇ ਹਨ ਅਤੇ ਮਿਤੀ ਲਿਖੀ ਹੋਣੀ ਚਾਹੀਦੀ ਹੈ। ਹਾਲਾਂਕਿ, ਹੋਰਨਾਂ ਲੋਕਾਂ, ਜਿਵੇਂ ਕਿ ਦਾਦਾ-ਦਾਦੀ, ਨਾਨਾ-ਨਾਨੀ ਅਤੇ ਮਤਰੇਏ ਮਾਤਾ-ਪਿਤਾ, ਨੂੰ ਵੀ ਪਾਲਣ-ਪੋਸ਼ਣ ਯੋਜਨਾ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

# ਪਾਲਣ-ਪੋਸ਼ਣ ਦੀਆਂ ਯੋਜਨਾਵਾਂ ਅਤੇ ਕਾਨੂੰਨ

ਪਾਲਣ-ਪੋਸ਼ਣ ਯੋਜਨਾ ਕਿਸੇ ਵੀ ਰੂਪ ਵਿੱਚ ਹੋ ਸਕਦੀ ਹੈ, ਜਦ ਤੱਕ ਇਹ ਲਿਖਤੀ ਰੂਪ ਵਿੱਚ ਹੋਵੇ, ਦੋਵੇਂ ਮਾਪਿਆਂ ਵੱਲੋਂ ਦਸਤਖ਼ਤ ਕੀਤੀ ਗਈ ਅਤੇ ਮਿਤੀ ਲਿਖੀ ਗਈ ਹੋਵੇ। ਇਹ ਯੋਜਨਾ ਕਿਸੇ ਵੀ ਧਮਕੀ, ਦਬਾਅ ਜਾਂ ਜ਼ਬਰਦਸਤੀ ਤੋਂ ਮੁਕਤ ਹੋਣੀ ਲਾਜ਼ਮੀ ਹੈ। ਇਹ ਸ਼ਰਤ ਫੈਮਿਲੀ ਲਾਅ ਐਕਟ ਦੇ ਅਧੀਨ ਲਾਜ਼ਮੀ ਹੈ।

ਮਹੱਤਵਪੂਰਨ ਤੌਰ 'ਤੇ, ਪਾਲਣ-ਪੋਸ਼ਣ ਯੋਜਨਾ ਕਾਨੂੰਨੀ ਤੌਰ 'ਤੇ ਲਾਗੂ ਨਹੀਂ ਹੁੰਦੀ ਹੈ ਅਤੇ ਇਹ ਅਦਾਲਤ ਦੁਆਰਾ ਜਾਰੀ ਕੀਤੇ ਗਏ ਪਾਲਣ-ਪੋਸ਼ਣ ਦੇ ਆਦੇਸ਼ ਤੋਂ ਵੱਖਰੀ ਹੁੰਦੀ ਹੈ। ਜੋ ਮਾਪੇ ਪਾਲਣ-ਪੋਸ਼ਣ ਦੀ ਯੋਜਨਾ ਤਿਆਰ ਕਰਦੇ ਹਨ , ਉਹ ਅਦਾਲਤ ਨੂੰ ਉਸ ਯੋਜਨਾ ਵਾਂਗ ਹੀ ਹੁਕਮ ਦੇਣ ਲਈ ਬੇਨਤੀ ਕਰ ਸਕਦੇ ਹਨ। ਜੇਕਰ ਦੋਵੇਂ ਧਿਰਾਂ ਇਸ ਗੱਲ 'ਤੇ ਸਹਿਮਤ ਹਨ ਕਿ ਪਾਲਣ-ਪੋਸ਼ਣ ਯੋਜਨਾ ਨੂੰ ਅਦਾਲਤੀ ਆਦੇਸ਼ਾਂ ਵਿੱਚ ਬਦਲਿਆ ਜਾਵੇ, ਤਾਂ ਮਾਪੇ ਅਦਾਲਤ ਨੂੰ 'ਸਹਿਮਤੀ ਆਦੇਸ਼' ਬਣਾਉਣ ਲਈ ਕਹਿ ਸਕਦੇ ਹਨ। ਇੱਕ ਵਾਰ ਜਾਰੀ ਕੀਤੇ ਜਾਣ ਤੋਂ ਬਾਅਦ, ਇਹ ਆਦੇਸ਼ ਕਾਨੂੰਨੀ ਤੌਰ 'ਤੇ ਲਾਗੂ ਹੁੰਦੇ ਹਨ ਅਤੇ ਅਦਾਲਤ ਦੁਆਰਾ ਕੀਤੇ ਗਏ ਕਿਸੇ ਵੀ ਹੋਰ ਪਾਲਣ-ਪੋਸ਼ਣ ਦੇ ਆਦੇਸ਼ ਦੇ ਬਰਾਬਰ ਹੀ ਪ੍ਰਭਾਵਸ਼ਾਲੀ ਹੁੰਦੇ ਹਨ।

ਜੇਕਰ ਮਾਪੇ ਭਵਿੱਖ ਵਿੱਚ ਅਦਾਲਤ ਜਾਂਦੇ ਹਨ, ਤਾਂ ਅਦਾਲਤ ਨੂੰ ਬੱਚੇ ਦੇ ਸੰਬੰਧ ਵਿੱਚ ਪਾਲਣ-ਪੋਸ਼ਣ ਦੇ ਆਦੇਸ਼ ਦੇਣ ਵੇਲੇ ਸਭ ਤੋਂ ਤਾਜ਼ਾ ਪਾਲਣ-ਪੋਸ਼ਣ ਯੋਜਨਾ ਦੇ ਨਿਯਮਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ, ਜੇਕਰ ਅਜਿਹਾ ਕਰਨਾ ਬੱਚੇ ਦੇ ਸਰਵੋਤਮ ਹਿੱਤ ਵਿੱਚ ਹੋਵੇ। ਅਦਾਲਤ ਇਸ ਗੱਲ 'ਤੇ ਵੀ ਵਿਚਾਰ ਕਰੇਗੀ ਕਿ ਦੋਵਾਂ ਮਾਪਿਆਂ ਨੇ ਬੱਚੇ ਦੇ ਸੰਬੰਧ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਦੀ ਕਿਸ ਹੱਦ ਤੱਕ ਪਾਲਣਾ ਕੀਤੀ ਹੈ, ਜਿਸ ਵਿੱਚ ਪਾਲਣ-ਪੋਸ਼ਣ ਯੋਜਨਾ ਦੇ ਨਿਯਮ ਸ਼ਾਮਲ ਹੋ ਸਕਦੇ ਹਨ।

ਜੇਕਰ ਪਾਲਣ-ਪੋਸ਼ਣ ਦੇ ਪ੍ਰਬੰਧਾਂ ਨੂੰ ਨਿਰਧਾਰਤ ਕਰਨ ਲਈ ਕੋਈ ਅਦਾਲਤੀ ਆਦੇਸ਼ ਲਾਗੂ ਹੈ, ਤਾਂ ਮਾਪੇ ਪਾਲਣ-ਪੋਸ਼ਣ ਯੋਜਨਾ ਦੁਆਰਾ ਉਹਨਾਂ ਪ੍ਰਬੰਧਾਂ ਨੂੰ ਬਦਲਣ ਲਈ ਸਹਿਮਤ ਹੋ ਸਕਦੇ ਹਨ (ਜਦੋਂ ਤੱਕ ਕਿ ਅਦਾਲਤ ਦਾ ਆਦੇਸ਼ ਕੁੱਝ ਹੋਰ ਨਹੀਂ ਕਹਿੰਦਾ ਹੈ)। ਇਹ ਮਾਪਿਆਂ ਲਈ ਅਦਾਲਤ ਵਿੱਚ ਵਾਪਸ ਜਾਣ ਦੀ ਲੋੜ ਬਿਨਾਂ, ਤਬਦੀਲੀਆਂ 'ਤੇ ਸਹਿਮਤ ਹੋਣਾ ਆਸਾਨ ਬਣਾਉਂਦਾ ਹੈ।

ਜੇਕਰ ਕੋਈ ਪਾਲਣ-ਪੋਸ਼ਣ ਯੋਜਨਾ ਇੱਕ ਮੌਜੂਦਾ ਪਾਲਣ-ਪੋਸ਼ਣ ਆਦੇਸ਼ ਨੂੰ ਬਦਲਦੀ ਹੈ, ਤਾਂ ਹੋ ਸਕਦਾ ਹੈ ਕਿ ਮਾਪੇ ਪੁਰਾਣੇ ਪਾਲਣ-ਪੋਸ਼ਣ ਆਦੇਸ਼ ਦੇ ਉਹਨਾਂ ਹਿੱਸਿਆਂ ਨੂੰ ਲਾਗੂ ਕਰਨ ਦੇ ਯੋਗ ਨਹੀਂ ਹੋਣਗੇ, ਜੋ ਨਵੀਂ ਪਾਲਣ-ਪੋਸ਼ਣ ਯੋਜਨਾ ਦੀਆਂ ਸ਼ਰਤਾਂ ਨਾਲ ਮੇਲ ਨਹੀਂ ਖਾਂਦੇ ਹਨ।

# ਬੱਚੇ ਦੇ ਸਰਵੋਤਮ ਹਿੱਤ

ਜਦੋਂ ਮਾਪੇ ਕਿਸੇ ਬੱਚੇ ਬਾਰੇ ਫ਼ੈਸਲੇ ਲੈਂਦੇ ਹਨ, ਤਾਂ ਬੱਚੇ ਦੀਆਂ ਲੋੜਾਂ ਸਭ ਤੋਂ ਪਹਿਲਾਂ ਆਉਣੀਆਂ ਚਾਹੀਦੀਆਂ ਹਨ।

ਇਹ ਕਾਨੂੰਨ ਉਨ੍ਹਾਂ ਕਾਰਕਾਂ ਦੀ ਇੱਕ ਸੂਚੀ ਨਿਰਧਾਰਤ ਕਰਦਾ ਹੈ ਜੋ ਦੱਸਦੇ ਹਨ ਕਿ ਪਾਲਣ-ਪੋਸ਼ਣ ਦੇ ਆਦੇਸ਼ ਜਾਰੀ ਕਰਦੇ ਸਮੇਂ ਇੱਕ ਬੱਚੇ ਲਈ ਸਭ ਤੋਂ ਵਧੀਆ ਕੀ ਹੈ, ਇਹ ਨਿਰਧਾਰਤ ਕਰਦੇ ਸਮੇਂ ਅਦਾਲਤ ਨੂੰ ਵਿਚਾਰ ਕਰਨੇ ਚਾਹੀਦੇ ਹਨ। ਪਾਲਣ-ਪੋਸ਼ਣ ਦੀਆਂ ਯੋਜਨਾਵਾਂ ਬਣਾਉਂਦੇ ਸਮੇਂ, ਅਤੇ ਹੋਰ ਚੀਜ਼ਾਂ ਦਾ ਫ਼ੈਸਲਾ ਕਰਨ ਵੇਲੇ ਮਾਪਿਆਂ ਲਈ ਇਨ੍ਹਾਂ ਕਾਰਕਾਂ 'ਤੇ ਵਿਚਾਰ ਕਰਨਾ ਮਦਦਗਾਰ ਹੋ ਸਕਦਾ ਹੈ ਜਿਵੇਂ ਕਿ, ਬੱਚੇ ਲਈ ਫ਼ੈਸਲੇ ਕੌਣ ਲਵੇਗਾ ਅਤੇ ਬੱਚੇ ਨੂੰ ਕਿਸ ਨਾਲ ਰਹਿਣਾ ਚਾਹੀਦਾ ਹੈ ਅਤੇ ਕਿਸ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ।

ਇਸ ਨਾਲ ਕੁੱਝ ਸੰਬੰਧਿਤ ਕਾਰਕ ਇਹ ਹਨ:

- ਬੱਚੇ ਦੀ ਸੁਰੱਖਿਆ ਅਤੇ ਉਹਨਾਂ ਵਿਅਕਤੀਆਂ ਦੀ ਸੁਰੱਖਿਆ, ਜੋ ਬੱਚੇ ਦੀ ਦੇਖਭਾਲ ਕਰਦੇ ਹਨ (ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਪਿਛਲੇ ਸਮੇਂ ਵਿੱਚ ਪਰਿਵਾਰਕ ਹਿੰਸਾ ਹੋਈ ਹੈ ਜਾਂ ਨਹੀਂ)
- ਬੱਚੇ ਦੇ ਵਿਚਾਰ

- ਬੱਚੇ ਦੀਆਂ ਵਿਕਾਸ, ਮਨੋਵਿਗਿਆਨਕ, ਭਾਵਨਾਤਮਕ ਅਤੇ ਸਭਿਆਚਾਰਕ ਲੋੜਾਂ
- ਹਰੇਕ ਵਿਅਕਤੀ ਦੀ ਸਮਰੱਥਾ ਜੋ ਬੱਚੇ ਦੇ ਵਿਕਾਸ, ਮਨੋਵਿਗਿਆਨਕ, ਭਾਵਨਾਤਮਕ ਅਤੇ ਸਭਿਆਚਾਰਕ ਲੋੜਾਂ ਨੂੰ ਪੂਰਾ ਕਰਨ ਲਈ ਬੱਚੇ ਦਾ ਜ਼ਿੰਮੇਵਾਰ ਹੋਵੇਗਾ
- ਬੱਚੇ ਨੂੰ ਆਪਣੇ ਹਰੇਕ ਮਾਪੇ, ਅਤੇ ਹੋਰ ਲੋਕਾਂ ਨਾਲ ਰਿਸ਼ਤਾ ਰੱਖਣ ਦਾ ਫ਼ਾਇਦਾ ਜੋ ਉਹਨਾਂ ਲਈ ਮਹੱਤਵਪੂਰਨ ਹਨ (ਜਿਵੇਂ ਦਾਦਾ-ਦਾਦੀ/ਨਾਨ-ਨਾਨੀ ਅਤੇ ਭੈਣ-ਭਰਾ), ਅਤੇ
- ਹੋਰ ਜੋ ਕੁੱਝ ਵੀ ਬੱਚੇ ਨਾਲ ਜੁੜੇ ਖ਼ਾਸ ਹਾਲਾਤਾਂ ਨਾਲ ਸੰਬੰਧਿਤ ਹੈ।

ਜੇਕਰ ਬੱਚਾ ਆਦਿਵਾਸੀ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਬੱਚਾ ਹੈ, ਤਾਂ ਇਹ ਵਿਚਾਰ ਕਰਨਾ ਵੀ ਮਹੱਤਵਪੂਰਨ ਹੈ ਕਿ ਪਾਲਣ-ਪੋਸ਼ਣ ਯੋਜਨਾ ਉਸ ਬੱਚੇ ਨੂੰ ਆਪਣੇ ਆਦਿਵਾਸੀ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਸੱਭਿਆਚਾਰ ਦਾ ਅਨੁਭਵ ਕਰਨ ਵਿੱਚ ਕਿਵੇਂ ਮੱਦਦ ਕਰੇਗੀ।

## ਪਾਲਣ-ਪੋਸ਼ਣ ਯੋਜਨਾ ਵਿੱਚ ਕੀ-ਕੀ ਸ਼ਾਮਲ ਕੀਤਾ ਜਾ ਸਕਦਾ ਹੈ?

ਪਾਲਣ-ਪੋਸ਼ਣ ਯੋਜਨਾ ਅਲਹਿਦਗੀ ਤੋਂ ਬਾਅਦ ਪਰਿਵਾਰ ਦੇ ਨਿੱਜੀ ਹਾਲਾਤਾਂ ਅਨੁਸਾਰ ਵੱਖਰੀ ਹੋਵੇਗੀ। ਇਹ ਵਿਹਾਰਕ, ਸਰਲ ਅਤੇ ਜਿੰਨੀ ਸੰਭਵ ਹੋ ਸਕੇ ਵਿਸ਼ੇਸ਼ ਹੋਣੀ ਚਾਹੀਦੀ ਹੈ।

ਇੱਕ ਪਾਲਣ-ਪੋਸ਼ਣ ਯੋਜਨਾ ਬੱਚੇ ਦੀ ਦੇਖਭਾਲ, ਭਲਾਈ ਅਤੇ ਵਿਕਾਸ ਦੇ ਕਿਸੇ ਵੀ ਪਹਿਲੂ ਨਾਲ ਨਜਿੱਠ ਸਕਦੀ ਹੈ।

ਉਹਨਾਂ ਚੀਜ਼ਾਂ ਦੀਆਂ ਕਿਸਮਾਂ ਜੋ ਪਾਲਣ-ਪੋਸ਼ਣ ਯੋਜਨਾ ਦੇ ਤਹਿਤ ਕਵਰ ਕੀਤੀਆਂ ਜਾ ਸਕਦੀਆਂ ਹਨ:
- ਬੱਚਾ ਕਿਸ ਦੇ ਨਾਲ ਰਹੇਗਾ
- ਬੱਚਾ ਹਰੇਕ ਮਾਤਾ-ਪਿਤਾ ਨਾਲ ਕਿੰਨਾ ਸਮਾਂ ਬਿਤਾਏਗਾ (ਹੇਠਾਂ 'ਸਮੇਂ ਦੇ ਪ੍ਰਬੰਧ' ਭਾਗ ਦੇਖੋ)
- ਬੱਚਾ ਹੋਰ ਲੋਕਾਂ, ਜਿਵੇਂ ਕਿ ਦਾਦਾ-ਦਾਦੀ, ਨਾਨਾ-ਨਾਨੀ ਨਾਲ ਕਿੰਨਾ ਸਮਾਂ ਬਿਤਾਏਗਾ
- ਵੱਡੇ ਲੰਬੇ ਸਮੇਂ ਦੇ ਮੁੱਦਿਆਂ 'ਤੇ ਫ਼ੈਸਲੇ ਲੈਣ ਸਮੇਤ, ਮਾਪਿਆਂ ਦੀ ਜ਼ਿੰਮੇਵਾਰੀ ਕਿਵੇਂ ਨਿਰਧਾਰਤ ਕੀਤੀ ਜਾਵੇਗੀ (ਹੇਠਾਂ 'ਮਾਪਿਆਂ ਦੀ ਜ਼ਿੰਮੇਵਾਰੀ' ਭਾਗ ਦੇਖੋ)
- ਸਲਾਹ-ਮਸ਼ਵਰੇ, ਜੋ ਬੱਚੇ ਨੂੰ ਪ੍ਰਭਾਵਿਤ ਕਰਨ ਵਾਲੇ ਵੱਡੇ ਲੰਬੇ ਸਮੇਂ ਦੇ ਮੁੱਦਿਆਂ 'ਤੇ ਫ਼ੈਸਲੇ ਲੈਣ ਬਾਰੇ ਹੋਣੇ ਚਾਹੀਦੇ ਹਨ
- ਬੱਚਾ ਹਰੇਕ ਮਾਪੇ ਜਾਂ ਦੂਜੇ ਲੋਕਾਂ ਨਾਲ ਕਿਵੇਂ ਗੱਲਬਾਤ ਕਰੇਗਾ (ਉਦਾਹਰਨ ਲਈ, ਫ਼ੋਨ, ਈਮੇਲ ਜਾਂ ਚਿੱਠੀਆਂ ਦੁਆਰਾ)
- ਖ਼ਾਸ ਦਿਨਾਂ ਲਈ ਕਿਹੜੇ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ, ਜਿਵੇਂ ਕਿ ਜਨਮਦਿਨ ਅਤੇ ਛੁੱਟੀਆਂ
- ਯੋਜਨਾ ਨੂੰ ਬਦਲਣ ਜਾਂ ਯੋਜਨਾ ਬਾਰੇ ਕਿਸੇ ਵੀ ਅਸਹਿਮਤੀ ਨੂੰ ਹੱਲ ਕਰਨ ਲਈ ਕਿਹੜੀ ਪ੍ਰਕਿਰਿਆ ਵਰਤੀ ਜਾ ਸਕਦੀ ਹੈ
- ਬੱਚੇ ਲਈ ਚਾਈਲਡ ਸਪੋਰਟ*
- ਮਾਤਾ-ਪਿਤਾ ਦੀ ਜ਼ਿੰਮੇਵਾਰੀ ਜਾਂ ਬੱਚੇ ਦੀ ਦੇਖਭਾਲ, ਭਲਾਈ ਅਤੇ ਵਿਕਾਸ ਬਾਰੇ ਕੋਈ ਹੋਰ ਮਹੱਤਵਪੂਰਨ ਚੀਜ਼।

* ਤੁਹਾਡੀ ਪਾਲਣ-ਪੋਸ਼ਣ ਯੋਜਨਾ ਵਿੱਚ ਚਾਈਲਡ ਸਪੋਰਟ ਨੂੰ ਸ਼ਾਮਲ ਕਰਨ ਬਾਰੇ ਵਿਸ਼ੇਸ਼ ਨਿਯਮ ਲਾਗੂ ਹੁੰਦੇ ਹਨ (ਹੇਠਾਂ '**ਦੇਖਭਾਲ ਦੇ ਫ਼ੈਸਲੇ – ਚਾਈਲਡ ਸਪੋਰਟ ਅਤੇ ਸੈਂਟਰਲਿੰਕ 'ਤੇ ਪ੍ਰਭਾਵ**' ਭਾਗ ਦੇਖੋ)।

## ਕੀ ਮੈਂ ਆਪਣੀ ਪਾਲਣ-ਪੋਸ਼ਣ ਯੋਜਨਾ ਵਿੱਚ ਹੋਰ ਚੀਜ਼ਾਂ ਸ਼ਾਮਲ ਕਰ ਸਕਦਾ/ਦੀ ਹਾਂ?

ਫੈਮਿਲੀ ਲਾਅ ਐਕਟ ਦੇ ਤਹਿਤ ਪਾਲਣ ਪੋਸ਼ਣ ਯੋਜਨਾ ਵਿੱਚ ਬੱਚੇ ਦੀ ਦੇਖਭਾਲ, ਭਲਾਈ ਅਤੇ ਵਿਕਾਸ ਨਾਲ ਸੰਬੰਧਿਤ ਖ਼ਾਸ ਪੱਖ ਤੇ ਧਿਆਨ ਦਿੱਤਾ ਜਾਣਾ *ਲਾਜ਼ਮੀ* ਹੈ। ਹੋਰ ਸ਼ਰਤਾਂ, ਜਿਵੇਂ ਕਿ ਪਤਨੀ/ਪਤੀ ਦਾ ਗੁਜ਼ਾਰਾ ਭੱਤਾ (spousal maintenance) ਜਾਂ ਜਾਇਦਾਦ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਇਹ ਕਾਨੂੰਨੀ ਤੌਰ 'ਤੇ ਲਾਗੂ ਨਹੀਂ ਹੁੰਦੀਆਂ ਹਨ। ਇਹ ਸ਼ਰਤਾਂ ਹੋਰ ਤਰੀਕਿਆਂ ਨਾਲ ਕਾਨੂੰਨੀ ਤੌਰ 'ਤੇ ਲਾਗੂ ਕੀਤੀਆਂ ਜਾ ਸਕਦੀਆਂ ਹਨ, ਜਿਵੇਂ ਕਿ: ਸਹਿਮਤੀ ਆਦੇਸ਼ (Consent Orders) ਲਈ ਕੋਰਟ ਵਿੱਚ ਅਰਜ਼ੀ ਦੇਣਾ, ਜੇਕਰ ਦੋਵੇਂ ਪੱਖ਼ ਉਨ੍ਹਾਂ ਸ਼ਰਤਾਂ 'ਤੇ ਸਹਿਮਤ ਹੋਣ। ਸਹਿਮਤੀ ਦੇ ਆਦੇਸ਼ਾਂ ਦੀ ਮੰਗ ਕਰਨ ਵਿੱਚ ਦੋਵਾਂ ਧਿਰਾਂ ਨੂੰ ਸ਼ਰਤਾਂ ਨਾਲ ਸਹਿਮਤ ਹੋਣਾ ਅਤੇ ਪ੍ਰਵਾਨਗੀ ਲਈ ਅਦਾਲਤ ਵਿੱਚ ਸਮਝੌਤੇ ਨੂੰ ਜਮ੍ਹਾਂ ਕਰਾਉਣਾ ਸ਼ਾਮਲ ਹੁੰਦਾ ਹੈ।

## ਸਮੇਂ ਦੇ ਪ੍ਰਬੰਧ

ਕਾਨੂੰਨ ਵਿੱਚ ਇਸ ਬਾਰੇ ਕੋਈ ਧਾਰਨਾ ਨਹੀਂ ਹੈ ਕਿ ਇੱਕ ਬੱਚੇ ਨੂੰ ਹਰੇਕ ਮਾਤਾ-ਪਿਤਾ ਨਾਲ ਕਿੰਨਾ ਸਮਾਂ ਬਿਤਾਉਣਾ ਚਾਹੀਦਾ ਹੈ। ਹਾਲਾਂਕਿ ਕਈ ਲੋਕ ਮੰਨਦੇ ਹਨ ਕਿ ਆਸਟ੍ਰੇਲੀਆਈ ਕਾਨੂੰਨ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਬਰਾਬਰ ਸਮਾਂ ਬਿਤਾਉਣ ਦਾ ਅਧਿਕਾਰ ਦਿੰਦਾ ਹੈ, ਪਰ ਅਜਿਹਾ ਕਦੇ ਨਹੀਂ ਹੋਇਆ ਹੈ।

ਇਹ ਫ਼ੈਸਲਾ ਕਰਦੇ ਸਮੇਂ ਕਿ ਬੱਚਾ ਕਿਸਦੇ ਕੋਲ ਰਹੇਗਾ ਅਤੇ ਕਿਸ ਨਾਲ ਸਮਾਂ ਬਿਤਾਏਗਾ, ਮਾਪਿਆਂ ਨੂੰ 'ਬੱਚੇ ਦੀ ਭਲਾਈ' ਕਾਰਕਾਂ ਦੀ ਜਾਂਚ ਕਰਨਾ ਮਦਦਗਾਰ ਲੱਗ ਸਕਦਾ ਹੈ, ਇਹ ਓਹੀ ਕਾਰਕ ਹਨ ਜਿਨ੍ਹਾਂ 'ਤੇ ਅਦਾਲਤ ਵਿਚਾਰ ਕਰੇਗੀ ਜੇਕਰ ਅਦਾਲਤ ਨੇ ਇਹ ਫ਼ੈਸਲਾ ਲੈਣਾ ਹੈ (ਉੱਪਰ **'ਬੱਚੇ ਦੇ ਸਰਵੋਤਮ ਹਿੱਤ'** ਭਾਗ ਦੇਖੋ)।

## ਮਾਪਿਆਂ ਦੀ ਜ਼ਿੰਮੇਵਾਰੀ

ਮਾਪਿਆਂ ਦੀ ਜ਼ਿੰਮੇਵਾਰੀ ਦਾ ਮਤਲਬ ਹੈ ਉਹ ਸਾਰੇ ਕਰਤੱਵ, ਸ਼ਕਤੀਆਂ, ਜ਼ਿੰਮੇਵਾਰੀਆਂ ਅਤੇ ਅਧਿਕਾਰ ਹਨ, ਜੋ ਮਾਪਿਆਂ ਕੋਲ ਆਪਣੇ ਬੱਚਿਆਂ ਦੇ ਸੰਬੰਧ ਵਿੱਚ ਹੁੰਦੇ ਹਨ।

ਹਰੇਕ ਮਾਪੇ ਦੀ ਆਮ ਤੌਰ 'ਤੇ ਆਪਣੇ ਬੱਚੇ ਲਈ ਮਾਪੇ ਵਜੋਂ ਜ਼ਿੰਮੇਵਾਰੀ ਹੁੰਦੀ ਹੈ, ਚਾਹੇ ਉਹ ਵਿਆਹੇ ਹੋਏ ਹੋਣ, ਬਿਨ੍ਹਾ ਵਿਆਹ ਦੇ ਇਕੱਠੇ ਰਹਿੰਦੇ ਹੋਣ, ਕਦੇ ਵੀ ਕਿਸੇ ਰਿਸ਼ਤੇ ਵਿੱਚ ਨਾ ਰਹੇ ਹੋਣ, ਜਾਂ ਕਿਸੇ ਹੋਰ ਤਰ੍ਹਾਂ। ਇਸ ਦਾ ਮਤਲਬ ਹੈ ਕਿ ਹਰੇਕ ਮਾਪਾ ਸੁਤੰਤਰ ਤੌਰ 'ਤੇ ਬੱਚੇ ਬਾਰੇ ਫ਼ੈਸਲੇ ਲੈ ਸਕਦਾ ਹੈ। ਜਦੋਂ 18 ਸਾਲ ਤੋਂ ਘੱਟ ਉਮਰ ਦੇ ਬੱਚੇ ਦੇ ਮਾਤਾ-ਪਿਤਾ ਵੱਖ ਹੋ ਜਾਂਦੇ ਹਨ, ਤਾਂ ਮਾਪਿਆਂ ਵਜੋਂ ਮਾਤਾ-ਪਿਤਾ ਦੀ ਜ਼ਿੰਮੇਵਾਰੀ ਜਾਰੀ ਰਹਿੰਦੀ ਹੈ, ਜਦੋਂ ਤੱਕ ਇਹ ਅਦਾਲਤੀ ਹੁਕਮ ਦੁਆਰਾ ਬਦਲਿਆ ਨਹੀਂ ਜਾਂਦਾ ਹੈ।

ਮਾਤਾ-ਪਿਤਾ ਦੀ ਜ਼ਿੰਮੇਵਾਰੀ ਦਾ ਇੱਕ ਮਹੱਤਵਪੂਰਨ ਪਹਿਲੂ ਜਿਸ ਨੂੰ ਤੁਸੀਂ ਆਪਣੀ ਪਾਲਣ-ਪੋਸ਼ਣ ਯੋਜਨਾ ਵਿੱਚ ਸ਼ਾਮਲ ਕਰ ਸਕਦੇ ਹੋ, ਇਹ ਹੈ ਕਿ ਤੁਹਾਡੇ ਬੱਚੇ ਲਈ ਲੰਬੇ ਸਮੇਂ ਦੇ ਵੱਡੇ ਮੁੱਦਿਆਂ 'ਤੇ ਫ਼ੈਸਲੇ ਕਿਵੇਂ ਲਏ ਜਾਣਗੇ। ਮੁੱਖ ਲੰਬੇ ਸਮੇਂ ਦੇ ਮੁੱਦਿਆਂ ਵਿੱਚ ਬੱਚੇ ਦੀ ਸਿੱਖਿਆ, ਧਾਰਮਿਕ ਅਤੇ ਸੱਭਿਆਚਾਰਕ ਪਰਵਰਿਸ਼, ਸਿਹਤ, ਨਾਮ ਅਤੇ ਬੱਚੇ ਦੇ ਰਹਿਣ ਦੇ ਪ੍ਰਬੰਧਾਂ ਵਿੱਚ ਮਹੱਤਵਪੂਰਨ ਤਬਦੀਲੀਆਂ ਸ਼ਾਮਲ ਹਨ।

ਆਸਟ੍ਰੇਲੀਅਨ ਪਰਿਵਾਰਕ ਕਾਨੂੰਨ ਆਪਣੇ ਬੱਚੇ ਲਈ ਲੰਬੇ ਸਮੇਂ ਦੇ ਵੱਡੇ ਮੁੱਦਿਆਂ 'ਤੇ ਫ਼ੈਸਲੇ ਲੈਣ ਵੇਲੇ ਵੱਖ ਹੋਏ ਮਾਪਿਆਂ ਨੂੰ ਇੱਕ ਦੂਜੇ ਨਾਲ ਸਲਾਹ ਕਰਨ ਲਈ ਉਤਸ਼ਾਹਿਤ ਕਰਦਾ ਹੈ, ਜਿੱਥੇ ਅਜਿਹਾ ਕਰਨਾ ਸੁਰੱਖਿਅਤ ਹੈ। ਇਹ ਫ਼ੈਸਲੇ ਲੈਂਦੇ ਸਮੇਂ ਬੱਚੇ ਦੇ ਸਰਵੋਤਮ ਹਿੱਤਾਂ ਨੂੰ ਸਭ ਤੋਂ ਵੱਧ ਮਹੱਤਵਪੂਰਨ ਤੌਰ 'ਤੇ ਵਿਚਾਰਿਆ ਜਾਂਦਾ ਹੈ।

ਇਸ ਗੱਲ ਦੀ ਹੁਣ ਕੋਈ ਧਾਰਨਾ ਨਹੀਂ ਹੈ ਕਿ, ਜੇਕਰ ਅਦਾਲਤੀ ਆਦੇਸ਼ ਜ਼ਰੂਰੀ ਹਨ, ਤਾਂ ਅਦਾਲਤ ਮਾਪਿਆਂ ਲਈ ਲੰਬੇ ਸਮੇਂ ਦੇ ਵੱਡੇ ਮੁੱਦਿਆਂ 'ਤੇ ਫ਼ੈਸਲੇ ਲੈਣ ਨੂੰ ਬਰਾਬਰ ਸਾਂਝਾ ਕਰਨ ਦੇ ਆਦੇਸ਼ ਦੇਵੇਗੀ। ਅਦਾਲਤ ਮਾਮਲੇ ਦੇ ਖ਼ਾਸ ਹਾਲਾਤਾਂ ਨੂੰ ਵੇਖੇਗੀ ਅਤੇ ਬੱਚੇ ਦੀ ਭਲਾਈ (Best Interests of the Child) ਨੂੰ ਧਿਆਨ ਵਿੱਚ ਰੱਖਦੇ ਹੋਏ ਆਦੇਸ਼ ਜਾਰੀ ਕਰਦੀ ਹੈ। ਇਹ ਆਦੇਸ਼ ਲੰਬੇ ਸਮੇਂ ਦੇ ਪ੍ਰਮੁੱਖ ਮੁੱਦਿਆਂ 'ਤੇ ਫ਼ੈਸਲੇ ਲੈਣ ਸਮੇਤ ਮਾਪਿਆਂ ਦੀ ਸਾਂਝੀ ਜਾਂ ਇਕੱਲੇ ਜ਼ਿੰਮੇਵਾਰੀ ਸੰਬੰਧੀ ਹੋ ਸਕਦੇ ਹਨ। ਅਦਾਲਤ ਖ਼ਾਸ ਲੰਬੇ ਸਮੇਂ ਦੇ ਮੁੱਦਿਆਂ ਦੇ ਸੰਬੰਧ ਵਿੱਚ ਸਾਂਝੇ ਜਾਂ ਇਕੱਲੇ ਫ਼ੈਸਲੇ ਲੈਣ ਦੇ ਆਦੇਸ਼ ਵੀ ਦੇ ਸਕਦੀ ਹੈ।

## ਪਾਲਣ-ਪੋਸ਼ਣ ਦੀ ਯੋਜਨਾ ਵਿਕਸਿਤ ਕਰਦੇ ਸਮੇਂ ਹੋਰ ਵਿਚਾਰਨਯੋਗ ਗੱਲਾਂ

ਪਾਲਣ-ਪੋਸ਼ਣ ਦੀ ਯੋਜਨਾ ਬਣਾਉਣ ਵੇਲੇ, ਮਾਪਿਆਂ ਨੂੰ ਇਸ ਦਸਤਾਵੇਜ਼ ਵਿੱਚ ਸ਼ਾਮਲ ਜਾਣਕਾਰੀ 'ਤੇ ਵਿਚਾਰ ਕਰਨਾ ਚਾਹੀਦਾ ਹੈ, ਜਿਸ ਵਿੱਚ ਪਾਲਣ-ਪੋਸ਼ਣ ਯੋਜਨਾ ਬਣਾਉਣ ਦੇ ਕਾਨੂੰਨੀ ਉਲਝਣਾਂ ਵੀ ਸ਼ਾਮਲ ਹਨ। ਮਾਤਾ-ਪਿਤਾ ਨੂੰ ਉਪਰੋਕਤ ਸੂਚੀ ਵਿੱਚੋਂ ਚੀਜ਼ਾਂ ਨੂੰ ਪਾਲਣ-ਪੋਸ਼ਣ ਯੋਜਨਾ ਵਿੱਚ ਸ਼ਾਮਲ ਕਰਨਾ ਲਾਭਦਾਇਕ ਲੱਗ ਸਕਦਾ ਹੈ (ਉੱਪਰ, **'ਪਾਲਣ-ਪੋਸ਼ਣ ਯੋਜਨਾ ਵਿੱਚ ਕੀ ਸ਼ਾਮਲ ਕੀਤਾ ਜਾ ਸਕਦਾ ਹੈ'** ਭਾਗ ਦੇਖੋ)।

ਪਾਲਣ-ਪੋਸ਼ਣ ਯੋਜਨਾ ਦੀਆਂ ਸ਼ਰਤਾਂ ਬਾਰੇ ਕਿਸੇ ਵੀ ਵਿਵਾਦ ਨੂੰ ਹੱਲ ਕਰਨ ਲਈ, ਜਾਂ ਪਾਲਣ-ਪੋਸ਼ਣ ਯੋਜਨਾ ਵਿੱਚ ਬਦਲਾਅ ਕਰਨ ਦੇ ਪ੍ਰਬੰਧਾਂ ਨੂੰ ਸ਼ਾਮਲ ਕਰਨਾ ਲਾਭਦਾਇਕ ਹੋ ਸਕਦਾ ਹੈ। ਇਹ ਮੱਦਦ ਕਰ ਸਕਦਾ ਹੈ ਜੇਕਰ ਬੱਚੇ ਦੀ ਉਮਰ ਵਧਣ ਨਾਲ ਉਸ ਦੀਆਂ ਲੋੜਾਂ ਜਾਂ ਹਾਲਾਤ ਬਦਲ ਜਾਂਦੇ ਹਨ (ਉਦਾਹਰਨ ਲਈ, ਜਦੋਂ ਬੱਚਾ ਪ੍ਰਾਇਮਰੀ ਜਾਂ ਸੈਕੰਡਰੀ ਸਕੂਲ ਸ਼ੁਰੂ ਕਰਦਾ ਹੈ)।

## ਦੇਖਭਾਲ ਦੇ ਫ਼ੈਸਲੇ - ਚਾਈਲਡ ਸਪੋਰਟ ਅਤੇ ਸੈਂਟਰਲਿੰਕ 'ਤੇ ਪ੍ਰਭਾਵ

ਚਾਈਲਡ ਸਪੋਰਟ ਸਕੀਮ ਅਤੇ ਫੈਮਲੀ ਟੈਕਸ ਬੈਨੀਫਿਟ (FTB) ਭਾਗ A ਲੰਬੇ ਸਮੇਂ ਤੋਂ ਚੱਲੇ ਆ ਰਹੇ ਇਸ ਸਿਧਾਂਤ ਨੂੰ ਦਰਸਾਉਣ ਲਈ ਨਜ਼ਦੀਕੀ ਤੌਰ 'ਤੇ ਜੁੜੇ ਹੋਏ ਹਨ ਕਿ ਮਾਪੇ ਆਪਣੇ ਬੱਚਿਆਂ ਦੀ ਵਿੱਤੀ ਸਹਾਇਤਾ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ, ਜਦਕਿ ਆਸਟਰੇਲੀਆਈ ਸਰਕਾਰ ਲੋੜ ਪੈਣ 'ਤੇ ਪਰਿਵਾਰਕ ਸਹਾਇਤਾ ਪ੍ਰਦਾਨ ਕਰਦੀ ਹੈ।

ਬੱਚੇ ਦੀ ਦੇਖਭਾਲ ਦਾ ਪ੍ਰਬੰਧ ਮਾਤਾ-ਪਿਤਾ ਦੇ ਚਾਈਲਡ ਸਪੋਰਟ ਭੁਗਤਾਨਾਂ, FTB ਅਤੇ ਆਮਦਨ ਸਹਾਇਤਾ ਭੁਗਤਾਨਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਹੋਰ ਜਾਣਕਾਰੀ ਸਰਵਿਸਿਜ਼ ਆਸਟ੍ਰੇਲੀਆ ਦੀ ਵੈੱਬਸਾਈਟ 'ਤੇ ਮਿਲ ਸਕਦੀ ਹੈ: https://www.servicesaustralia.gov.au/learning-about-child-support।

## ਪਾਲਣ-ਪੋਸ਼ਣ ਯੋਜਨਾ ਦੀ ਪਾਲਣਾ ਕਰਨ ਵਿੱਚ ਮੁਸ਼ਕਲਾਂ?

ਜੇਕਰ ਮਾਤਾ ਜਾਂ ਪਿਤਾ ਨੂੰ ਪਾਲਣ-ਪੋਸ਼ਣ ਯੋਜਨਾ ਦੀ ਪਾਲਣਾ ਕਰਨ ਵਿੱਚ ਮੁਸ਼ਕਲ ਆਉਂਦੀ ਹੈ ਜਿਸ ਨੂੰ ਉਹ ਦੂਜੇ ਮਾਤਾ-ਪਿਤਾ ਨਾਲ ਸਮਝੌਤੇ ਦੁਆਰਾ ਹੱਲ ਨਹੀਂ ਕਰ ਸਕਦੇ, ਤਾਂ ਮੱਦਦ ਲਈ ਬਹੁਤ ਸਾਰੀਆਂ ਸੇਵਾਵਾਂ ਉਪਲਬਧ ਹਨ, ਜਿਵੇਂ ਕਿ ਕਾਊਂਸਲਿੰਗ ਅਤੇ ਪਰਿਵਾਰਕ ਵਿਵਾਦ ਨਿਪਟਾਰਾ। ਉਦਾਹਰਨ ਲਈ, ਮਾਪੇ ਮੌਜੂਦਾ ਸਮਝੌਤੇ ਨੂੰ ਬਦਲਣ ਦੇ ਯੋਗ ਹੋ ਸਕਦੇ ਹਨ ਜਾਂ ਕਿਸੇ ਪੇਸ਼ੇਵਰ ਦੀ ਮੱਦਦ ਨਾਲ ਪਾਲਣ-ਪੋਸ਼ਣ ਦੀ ਨਵੀਂ ਯੋਜਨਾ ਬਣਾ ਸਕਦੇ ਹਨ।

ਜਾਣਕਾਰੀ ਅਤੇ ਸਲਾਹ ਲਈ, 1800 050 321 'ਤੇ ਫੈਮਿਲੀ ਰਿਲੇਸ਼ਨਸ਼ਿਪ ਐਡਵਾਈਸ ਲਾਈਨ ਨਾਲ ਸੰਪਰਕ ਕਰੋ, ਜਿਸ ਵਿੱਚ ਤੁਹਾਡੇ ਸਥਾਨਕ ਖੇਤਰ ਵਿੱਚ ਸੇਵਾਵਾਂ ਲਈ ਰੈਫ਼ਰਲ ਵੀ ਸ਼ਾਮਲ ਹੈ, ਜਿਵੇਂ ਕਿ ਫੈਮਲੀ ਰਿਲੇਸ਼ਨਸ਼ਿਪ ਸੈਂਟਰ।

# ਪਾਲਣ-ਪੋਸ਼ਣ ਦੀ ਯੋਜਨਾ ਬਣਾਉਣ ਵਿੱਚ ਮੱਦਦ ਦੀ ਲੋੜ ਹੈ?

ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਬਾਰੇ ਸਮਝੌਤਾ ਕਰਨ ਵਿੱਚ ਮੱਦਦ ਕਰਨ ਲਈ ਸੇਵਾਵਾਂ ਉਪਲਬਧ ਹਨ, ਜਿਵੇਂ ਕਿ ਕਾਉਂਸਲਿੰਗ ਅਤੇ ਪਰਿਵਾਰਕ ਵਿਵਾਦ ਨਿਪਟਾਰਾ। ਇਹ ਸੇਵਾਵਾਂ ਫੈਮਿਲੀ ਰਿਲੇਸ਼ਨਸ਼ਿਪ ਸੈਂਟਰਾਂ ਸਮੇਤ ਕਈ ਸੰਸਥਾਵਾਂ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਹਨ।

| ਬਾਰੇ | ਉਪਲਬਧ ਸਹਾਇਤਾ |
|---|---|
| ਪਾਲਣ-ਪੋਸ਼ਣ ਦੀਆਂ ਯੋਜਨਾਵਾਂ ਬਣਾਉਣਾ | ਇੱਥੇ ਬਹੁਤ ਸਾਰੀਆਂ ਸੇਵਾਵਾਂ ਹਨ ਜੋ ਪਾਲਣ-ਪੋਸ਼ਣ ਦੀਆਂ ਯੋਜਨਾਵਾਂ ਬਣਾਉਣ ਅਤੇ ਉਹਨਾਂ ਦੀ ਪਾਲਣਾ ਕਰਨ ਵਿੱਚ ਤੁਹਾਡੀ ਮੱਦਦ ਕਰ ਸਕਦੀਆਂ ਹਨ:<br>• ਫੈਮਿਲੀ ਰਿਲੇਸ਼ਨਸ਼ਿਪ ਐਡਵਾਈਸ ਲਾਈਨ - 1800 050 321 'ਤੇ ਕਾਲ ਕਰੋ ਜਾਂ https://www.familyrelationships.gov.au/talk-someone/advice-line 'ਤੇ ਜਾਓ।<br>• ਫੈਮਿਲੀ ਰਿਲੇਸ਼ਨਸ਼ਿਪ ਸੈਂਟਰ ਅਤੇ ਹੋਰ ਪਰਿਵਾਰਕ ਵਿਵਾਦ ਨਿਪਟਾਰਾ ਸੇਵਾਵਾਂ ਲਈ- 1800 050 321 'ਤੇ ਕਾਲ ਕਰੋ<br>• ਫੈਮਿਲੀ ਰਿਲੇਸ਼ਨਸ਼ਿਪ ਆਨਲਾਈਨ – www.familyrelationships.gov.au 'ਤੇ ਜਾਓ।<br>• ਮਾਨਤਾ ਪ੍ਰਾਪਤ ਫੈਮਿਲੀ ਡਿਸਪਿਊਟ ਰੈਜ਼ੋਲਿਊਸ਼ਨ ਪ੍ਰੈਕਟੀਸ਼ਨਰਾਂ ਦੀ ਸੂਚੀ - ਵੇਖਣ ਲਈ ਇੱਥੇ ਜਾਓ https://fdrr.ag.gov.au/। |
| ਪਰਿਵਾਰਕ ਕਾਨੂੰਨ ਸਲਾਹ | ਸੇਵਾਵਾਂ ਅਤੇ ਸਹਾਇਤਾ ਸਮੇਤ ਪਰਿਵਾਰਕ ਕਾਨੂੰਨ ਬਾਰੇ ਜਾਣਕਾਰੀ ਲਈ, ਆਸਟ੍ਰੇਲੀਅਨ ਅਟਾਰਨੀ-ਜਨਰਲ ਵਿਭਾਗ ਦੀ ਵੈੱਬਸਾਈਟ 'ਤੇ ਜਾਓ:<br>• ਪਰਿਵਾਰਕ ਕਾਨੂੰਨ ਸੇਵਾਵਾਂ ਅਤੇ ਸਹਾਇਤਾ ਤੱਥ ਸ਼ੀਟ - https://www.ag.gov.au/families-and-marriage/publications/family-law-services-and-support-fact-sheet<br>• ਮਾਪਿਆਂ ਅਤੇ ਹੋਰ ਧਿਰਾਂ ਲਈ ਪਾਲਣ-ਪੋਸ਼ਣ ਢਾਂਚੇ ਵਿੱਚ 2024 ਤਬਦੀਲੀਆਂ ਦੀ ਸੰਖੇਪ ਜਾਣਕਾਰੀ: https://www.ag.gov.au/families-and-marriage/publications/family-law-amendment-act-2023-factsheet-parents |
| ਪਾਲਣ-ਪੋਸ਼ਣ ਸੰਬੰਧੀ ਮੱਦਦ | ਆਸਟ੍ਰੇਲੀਆਈ ਸਰਕਾਰ ਮਾਪਿਆਂ ਨੂੰ ਪ੍ਰੋਗਰਾਮ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਕਈ ਸੰਸਥਾਵਾਂ ਨੂੰ ਫ਼ੰਡ ਦਿੰਦੀ ਹੈ:<br>• ਤੁਹਾਡੀਆਂ ਲੋੜਾਂ ਦਾ ਸਮਰਥਨ ਕਰਨ ਲਈ ਸਭ ਤੋਂ ਨਜ਼ਦੀਕੀ ਸੰਸਥਾ ਨੂੰ ਲੱਭਣ ਲਈ, https://serviceproviders.dss.gov.au/ 'ਤੇ ਜਾਓ।<br>• ਆਸਟ੍ਰੇਲੀਆਈ ਸਰਕਾਰ ਰਾਈਜ਼ਿੰਗ ਚਿਲਡਰਨ ਨੈੱਟਵਰਕ ਨੂੰ ਫ਼ੰਡ ਦਿੰਦੀ ਹੈ ਜਿਸ ਵਿੱਚ ਮਾਪਿਆਂ ਲਈ ਕਈ ਕਿਸਮ ਦੀ ਜਾਣਕਾਰੀ ਹੈ - https://raisingchildren.net.au/grown-ups/family-life। |

| | |
|---|---|
| ਚਾਈਲਡ ਸਪੋਰਟ ਸਕੀਮ | ਚਾਈਲਡ ਸਪੋਰਟ ਬਾਰੇ ਜਾਣਕਾਰੀ ਲਈ, ਸਰਵਿਸਿਜ਼ ਆਸਟ੍ਰੇਲੀਆ ਨੂੰ 13 12 72 'ਤੇ ਸੰਪਰਕ ਕਰੋ, ਜਾਂ https://www.servicesaustralia.gov.au/learning-about-child-support?context=60015 'ਤੇ ਜਾਓ।<br><br>• ਚਾਈਲਡ ਸਪੋਰਟ ਅਨੁਮਾਨ - https://www.servicesaustralia.gov.au/online-estimators?context=64107।<br>• ਚਾਈਲਡ ਸਪੋਰਟ ਗਾਈਡ - https://www.servicesaustralia.gov.au/child-support-online-help-guides?context=64107। |
| ਫੈਮਿਲੀ ਟੈਕਸ ਬੈਨੀਫਿਟ | ਸਰਵਿਸਿਜ਼ ਆਸਟ੍ਰੇਲੀਆ (ਸੈਂਟਰਲਿੰਕ) ਨਾਲ 13 16 50 'ਤੇ ਸੰਪਰਕ ਕਰੋ ਜਾਂ ਫੈਮਿਲੀ ਟੈਕਸ ਬੈਨੀਫਿਟ ਜਾਣਕਾਰੀ ਵੈੱਬਪੇਜ 'ਤੇ ਜਾਓ: https://www.servicesaustralia.gov.au/family-tax-benefit।<br><br>• ਆਸਟ੍ਰੇਲੀਆਈ ਸਰਕਾਰ ਦੇ ਭੁਗਤਾਨਾਂ ਲਈ ਇੱਕ ਗਾਈਡ - https://www.servicesaustralia.gov.au/guide-to-australian-government-payments?context=22।<br>• ਫੈਮਿਲੀ ਅਸਿਸਟੈਂਸ ਗਾਈਡ - https://guides.dss.gov.au/family-assistance-guide।<br>• FTB ਨਾਲ ਚਾਈਲਡ ਸਪੋਰਟ ਦੇ ਮੁੱਖ ਅਸਰ - https://guides.dss.gov.au/child-support-guide।<br>• ਰੇਜ਼ਿੰਗ ਕਿਡਜ਼ - https://www.servicesaustralia.gov.au/raising-kids। |